http://www.ukboardonline.com

रोल नं0 | | | | | | | | | |

मुद्रित पृष्ठों की संख्या : 4

**107** **407 (IAH)**

# 2016

# ਪੰਜਾਬੀ

## (ਪੰਜਾਬੀ)

समय : 3 घण्टे । ।

पूर्णांक : 100

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1- ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਅੰਤ ਵਿਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ। 10

ਘੱਟ ਤੋਂ ਘੱਟ 200 ਕਰੋੜ ਸਾਲ ਪਹਿਲਾਂ ਨਾਂ ਸਾਡੀ ਧਰਤੀ ਹੁੰਦੀ ਸੀ ਅਤੇ ਨਾ ਹੀ ਸਾਡਾ ਸੂਰਜ ਭਗਵਾਨ। ਇਕ ਬੜਾ ਵੱਡਾ ਬੱਦਲਾਂ ਦਾ ਗੋਲਾਂ ਆਪਣੇ ਉਦਾਲੇ ਹੀ ਘੁੰਮ ਰਿਹਾ ਸੀ। ਇਸ ਘੁੰਮਣ-ਘੇਰੀ ਵਿਚ ਕੋਈ ਐਸੀ ਕਿਰਿਆ ਹੋਈ ਕਿ ਇਸ ਵਿਚੋਂ ਕੁਝ ਹਵਾਈ ਗੋਲੇ ਨਿਕਲ ਕੇ ਵੱਖਰੇ ਹੋ ਗਏ। ਇਹਨਾਂ ਗੋਲਿਆਂ ਵਿਚੋਂ ਇਕ ਇਹ ਸਾਡੀ ਧਰਤੀ ਦਾ ਗੋਲਾ ਸੀ। ਇਸ ਗੋਲੇ ਨੇ ਠੰਡਾ ਹੋਣਾ ਸ਼ੁਰੂ ਕੀਤਾ। ਕਰੋੜਾਂ ਸਾਲ ਬੀਤ ਗਏ। ਇਹ ਗੋਲਾ ਕੁਝ ਠੰਡਾ ਹੋਇਆ। ਇਸ ਦਾ ਵਾਯੂ-ਮੰਡਲ ਬਣਿਆ, ਫੇਰ ਸੁਮੰਦਰ ਬਣੇ, ਫੇਰ ਧਰਤੀ ਦਾ ਠੋਸ ਛਿੱਲੜ ਬਣਿਆ, ਠੰਡੇ ਹੋਣ ਦੀ ਕਿਰਿਆ ਜਾਰੀ ਰਹੀ। ਫੇਰ ਸਮੁੰਦਰ ਵਿਚ ਕਾਹੀ ਉੱਗੀ। ਇਸ ਕਾਹੀ ਦੇ ਬੇਲ-ਬੂਟੇ ਬਣੈ। ਫੇਰ ਬੜੇ-ਬੜੇ ਦਰੱਖਤ ਬਣੇ। ਕਰੋੜਾਂ ਸਾਲ ਇਸ ਗੱਲ ਨੂੰ ਗੁਜ਼ਰੇ। ਫੇਰ ਨਿੱਕਾ ਜਿਹਾ ਇਕ ਸੈੱਲ ਵਰਗਾ ਜੀਵ ਬਣਿਆ। ਵਿਕਾਸ ਦੀ ਗੱਡੀ ਚਲਦੀ ਰਹੀ। ਵੱਡੇ ਜੀਵ ਬਣੇ। ਫੇਰ ਵੱਡੇ-ਵੱਡੇ ਜਾਨਵਰ ਪੈਦਾ ਹੋਏ। ਇਹ 'ਪਸ਼ੂ ਜੁਗ' ਵੀ ਕਰੋੜਾਂ ਸਾਲ ਰਿਹਾ

(ੳ) 200 ਕਰੋੜ ਸਾਲ ਪਹਿਲਾਂ ਕੀ ਸੀ?

(ਅ) ਬੱਦਲਾਂ ਦੇ ਗੋਲੇ ਵਿਚ ਹੋਈ ਕਿਰਿਆ ਨਾਲ ਕੀ ਹੋਇਆ ਸੀ?

(ੲ) ਢੁੱਕਵਾਂ ਸਿਰਲੇਖ ਲਿਖੋ।

(ਸ) ਵੇਲ ਬੂਟੇ ਬਣਨ ਤੋਂ ਪਹਿਲਾਂ ਕੀ ਉੱਗਿਆ?

(ਹ) ਲਕੀਰੇ ਸ਼ਬਦਾਂ ਦੇ ਉੱਤਰ ਲਿਖੋ।

2- ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ 'ਤੇ 200-225 ਸ਼ਬਦਾਂ ਦਾ ਨਿਬੰਧ ਲਿਖੋ। 10

(ੳ) ਸ੍ਰੀ ਗੁਰੂ ਨਾਨਕ ਦੇਵ ਜੀ

(ਅ) ਪ੍ਰਦੂਸ਼ਣ ਦੀ ਸਮੱਸਿਆ

(ੲ) ਬੇਰੁਜ਼ਗਾਰੀ

(ਸ) ਸੰਚਾਰ ਦੇ ਸਾਧਨਾਂ ਦੀ ਭੂਮਿਕਾ

(ਹ) ਵਿਦਿਆਰਥੀ ਅਤੇ ਅਨੁਸ਼ਾਸਨ

3- ਹੇਠ ਲਿਖੇ ਸੰਕੇਤਾਂ ਦੀ ਸਹਾਇਤਾ ਨਾਲ 100-125 ਸ਼ਬਦਾਂ ਵਿਚ ਕਹਾਣੀ ਲਿਖੋ। 07

ਇਕ ਪਿੰਡ ਵਿਚ .........ਲੱਕੜਹਾਰਾ ਰਹਿੰਦਾ ਸੀ। ਉਹ ......... ਇਮਾਨਦਾਰ .........ਲੱਕੜਾ ਕੱਟਣ ਲਈ .........ਜੰਗਲ ਵਿਚ ਨਦੀ ਦੇ ਕੰਢੇ ......... ਦਰਖ਼ਤ ਕੱਟਣ ਲੱਗ ਪਿਆ ......... ਕੁਹਾੜਾ ਨਦੀ 'ਚ ਡਿੱਗ

 [P.T.O.

http://www.ukboardonline.com

http://www.ukboardonline.com

http://www.ukboardonline.com

http://www.ukboardonline.com

.........ਨਦੀ ਦਾ ਪਾਣੀ ਡੂੰਘਾ ਸੀ .........ਪਰੇਸ਼ਾਨ ਹੋ ਕੇ ਰੋਣ ਲੱਗ ਪਿਆ। .........ਦੇਵਤਾ ਪ੍ਰਗਟ ਹੋਇਆ .........ਲੱਕੜਹਾਰੇ ਨੇ ਕਹਾਣੀ ਦੱਸੀ .........ਦੇਵਤੇ ਨੇ ਚੁੱਭੀ ਮਾਰੀ ......... ਸੋਨੇ ਦਾ ਕੁਹਾੜਾ .........ਚੁੱਭੀ ਮਾਰੀ ......... ਚਾਂਦੀ ਦਾ ਕੁਹਾੜਾ ......... ਲੋਹੇ ਦਾ ਕੁਹਾੜਾ ਦੇਖ ਕੇ ਖੁਸ਼ ਹੋਇਆ .........ਲੱਕੜਹਾਰੇ ਦੀ ਇਮਾਨਦਾਰੀ ਦੇਖ ਕੇ ਖੁਸ਼ ਹੋਇਆ .........ਇਨਾਮ ਵਜੋਂ ਦੇ ਦਿੱਤੇ।

4- ਸਮਾਜਿਕ ਬੁਰਾਈਆਂ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ। (100-125 ਸ਼ਬਦਾਂ ਵਿਚ) **08**

5- (ੳ) ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਪ੍ਰਯੋਗ ਕਰੋ ਕਿ ਅਰਥ ਸਪਸ਼ਟ ਹੋ ਜਾਣ : **03**

ਸਿਰ ਮਾਰਨਾ, ਈਦ ਦਾ ਚੰਨ ਹੋਣਾ, ਅੱਖ ਖੁਲ੍ਹਣੀ

6- (ੳ) ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕੇ ਤੇ ਵਰਤੇ ਜਾਂਦੇ ਹਨ? **02**

ਊਠ ਦੇ ਗਲ ਟੱਲੀ, ਇਕ ਅਨਾਰ ਸੌ ਬਿਮਾਰ

7- (ੳ) ਹੇਠ ਲਿਖੇ ਪੈਰ੍ਹੇ ਨੂੰ ਵਿਸ਼ਰਾਮ-ਚਿੰਨ੍ਹ ਲਗਾ ਕੇ ਲਿਖੋ : **03**

ਦੱਬ ਕੇ ਵਾਹ ਤੇ ਰੱਜ ਕੇ ਖਾਹ ਕਿਸੇ ਨੇ ਠੀਕ ਈ ਆਖਿਐ ਸ਼ਕਰ ਵਰਗੀ ਬਣਾਈ ਪਈ ਐ ਧਰਤੀ ਰੋਟੀ ਆ ਜਾਣ ਤੇ ਉਹ ਉਸਦੇ ਨੇੜੇ ਹੋ ਕੇ ਕਹਿੰਦਾ ਇਹੋ ਜੇ ਖੇਤ ਵਿਚ ਤਾਂ ਬੰਦੇ ਉੱਗ ਪੈਣ ਤੇਰਾ ਬਾਪੂ ਬੜਾ ਸਿਆਣਾ ਕਿਰਸਾਣ ਸੀ ਮਜਾਲ ਕੀ ਐ ਕੋਈ ਸਿਆੜ ਵਿੰਗਾ ਹੋ ਜਾਵੇ ਜਿਵੇਂ ਰੱਸੀ ਰੱਖ ਕੇ ਓਰਾਂ ਕੱਢੀਆਂ ਹੋਣ।

8- ਹੇਠ ਲਿਖੇ ਵਾਕਾਂ ਦੀ ਵਾਕ-ਵੰਡ ਕਰੋ। **04**

(ੳ) ਅਵਤਾਰ ਰੋਜ਼ ਹਾਕੀ ਖੇਡਦਾ ਹੈ।

(ਅ) ਮੈਂ ਦਿੱਲੀ ਜਾਵਾਂਗਾ।

9- ਹੇਠ ਲਿਖੇ ਵਾਕਾਂ ਨੂੰ ਸ਼ੁਧ ਕਰਕੇ ਲਿਖੋ। **03**

(ੳ) ਸਿਪਾਹੀਆਂ ਨੇ ਤੀਰ ਤੇ ਤਲਵਾਰਾਂ ਚਲਾਏ।

(ਅ) ਪਾਣੀ ਮੈਂ ਪੀਂਦਾ ਹਾਂ।

(ੲ) ਉਸਨੇ ਬਣਾ ਕੇ ਚਾਹ ਪੀਤੀ।

10- ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇਕ ਦੇ ਅੰਤ ਵਿਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : **4x2=08**

(I) ਲੱਗ ਟਾਹਣਾਂ ਗਲ ਵੇਲਾਂ ਸੁੱਤੀਆਂ, ਲਗ ਵੇਲਾਂ ਗਲ ਕਲੀਆਂ,
ਲਗ ਕਲੀਆਂ ਗਲ ਗੰਧਾਂ ਸੁੱਤੀਆਂ, ਨੀਂਦ ਵਲੇਵੇਂ ਵਲੀਆਂ।
ਸ਼ਾਂਤ ਸੁੱਤੇ ਜਮਨਾ ਦੇ ਕੰਢੇ, ਹਰੇ ਭਰੇ ਅਤੇ ਸਾਵੇ;
ਨੀਂਦ ਵਿਗੁੱਤੀ ਜਲ ਧਾਰਾ ਨੂੰ, ਬੰਨ੍ਹੀ ਵਿਚ ਕਲਾਵੇ।

(ੳ) ਉਪਰੋਕਤ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਦੱਸੋ।

(ਅ) ਟਾਹਣਾਂ ਤੇ ਵੇਲਾਂ ਕਿਸ ਤਰ੍ਹਾਂ ਸੁੱਤੀਆਂ ਹੋਈਆਂ ਸਨ?

(ੲ) ਜਲ-ਧਾਰਾ ਨੂੰ ਕਲਾਵੇ ਵਿਚ ਕਿਸਨੇ ਲਿਆ ਹੋਇਆ ਸੀ?

(ਸ) ਜਮਨਾ ਦੇ ਕੰਢੇ ਕਿਹੋ ਜਿਹੇ ਸਨ?



http://www.ukboardonline.com

http://www.ukboardonline.com

http://www.ukboardonline.com

http://www.ukboardonline.com

(II) ਸੰਝ ਹੋਈ ਪਰਛਾਵੇਂ ਛੁਪ ਗਏ, ਕਿਉਂ ਇੱਛਾਬਲ ਤੂੰ ਜਾਰੀ?
ਨੈਂ ਸਰੋਦ ਕਰ ਰਹੀ ਉਵੇਂ ਹੀ, ਤੇ ਟੁਰਨੋਂ ਬੀ ਨਹਿੰ ਹਾਰੀ।
ਸੈਲਾਨੀ ਤੇ ਪੱਛੀ ਮਾਲੀ, ਹਨ ਸਭ ਆਰਾਮ ਵਿਚ ਆਏ।
ਸਹਿਮ ਸਵਾਦਲਾ ਛਾ ਰਿਹਾ ਸਾਰੇ ਤੇ ਕੁਦਰਤ ਟਿਕ ਗਈ ਸਾਰੀ।

(ੳ) ਉਪਰੋਕਤ ਕਾਵਿ-ਟੋਟੇ ਦਾ ਪ੍ਰਸੰਗ ਲਿਖੋ।

(ਅ) ਉਪਰੋਕਤ ਸੱਤਰਾਂ ਦੀ ਵਿਆਖਿਆ ਲਿਖੋ।

(ੲ) ਇੱਛਾਬਲ ਚਸ਼ਮਾ ਕਿੱਥੇ ਹੈ?

(ਸ) 'ਸੈਲਾਨੀ' ਦਾ ਕੀ ਅਰਥ ਹੈ?

11- ਭਾਈ ਵੀਰ ਸਿੰਘ ਦੀ ਕਵਿਤਾ 'ਬਿਨਫਸੇ ਦਾ ਫੁੱਲ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 07

ਜਾਂ

ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਰਾਧਾ-ਸੰਦੇਸ਼ ਦਾ ਵਿਸ਼ਾ-ਵਸਤੂ ਲਿਖੋ।

12- ਹੇਠ ਲਿਖੇ ਵਾਰਤਾਲਾਪ ਅੰਸ਼ਾਂ ਵਿਚੋਂ ਕਿਸੇ ਇਕ 'ਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 4x2=08

(I) ਤੁਸੀਂ ਉਸ ਨਾਲ ਧੀਰਜ ਨਾਲ ਗੱਲ ਕਰੋ। ਉਹ ਕੇਵਲ ਦਲੀਲ ਨਾਲ ਬਦਲ ਸਕਦੀ ਏ। ਜੇ ਤੁਸੀਂ ਰੁਹਬ ਜਾਂ ਦਾਬਾ ਦਿਉਗੇ ਫੇਰ ਕੰਮ ਹੋਰ ਵਿਗੜੇਗਾ। ਗੇਂਦ ਨੂੰ ਜਿੰਨੀ ਜੋਰ ਦੀ ਮਾਰੋ, ਉਨੀ ਉਚੀ ਉਭਰਦੀ ਹੇ।

(ੳ) ਇਹ ਵਾਰਤਾਲਾਪ ਕਿਸ ਪੁਸਤਕ ਵਿਚੋਂ ਹਨ?

(ਅ) ਲੇਖਕ ਦਾ ਨਾਂ ਦੱਸੋ। http://www.ukboardonline.com

(ੲ) ਇਹ ਸ਼ਬਦ ਕਿਸ ਨੇ ਕਿਸਨੂੰ ਕਦੋਂ ਕਹੇ?

(ਸ) ਗੇਂਦ ਨੂੰ ਜ਼ੋਰ ਨਾਲ ਮਾਰਨ ਨਾਲ ਕੀ ਹੁੰਦਾ ਹੈ?

(II) ਹੱਡੀ ਨਾ ਆਖੋ ਮੰਮੀ, ਮਜਬੂਤ ਇਰਾਦੇ ਦੀ ਆਖੋ। ਸੁਤੰਤਰ ਸੋਚਾਂ ਤੇ ਅਮਲਾਂ ਵਾਲੀ ਲੜਕੀ ਆਖੋ। ਨਵੀਂ ਨਾਰੀ ਦੀ ਜਾਗ ਦਾ ਰੂਪ ਆਖੋ। ਸਗੋਂ ਮਾਣ ਹੋਣਾ ਚਾਹੀਦਾ ਤੁਹਾਨੂੰ ਆਪਣੀ ਧੀ 'ਤੇ। ਦੱਸੋ, ਇਸ ਵਾਤਾਵਰਨ ਵਿਚ ਉਸਦੀ ਸ਼ਖਸੀਅਤ ਕਿਸ ਤਰ੍ਹਾਂ ਮੇਲ ਸਕਦੀ ਏ।

(ੳ) ਉਪਰੋਕਤ ਵਾਰਤਾਲਾਪ ਕਿਸ ਪੁਸਤਕ ਵਿਚੋਂ ਲਏ ਗਏ ਹਨ, ਲੇਖਕ ਦਾ ਨਾਂ ਦੱਸੋ।

(ਅ) ਇਹ ਸ਼ਬਦ ਕਿਸਨੇ ਕਿਸਨੂੰ ਕਹੇ?

(ੲ) ਮਜਬੂਤ ਇਰਾਦੇ ਤੇ ਸੁਤੰਤਰ ਸੋਚ ਵਾਲੀ ਕੌਣ ਹੈ?

(ਸ) ਕਿਸ 'ਤੇ ਮਾਣ ਹੋਣਾ ਚਾਹੀਦਾ ਹੈ?

13- ਨਾਟਕ 'ਸ਼ੋਭਾ ਸ਼ਕਤੀ' ਦਾ ਵਿਸ਼ਾ-ਵਸਤੂ ਲਿਖੋ। 07

ਜਾਂ

ਨਾਟਕ 'ਸ਼ੋਭਾ-ਸ਼ਕਤੀ' ਦੇ ਹੇਠ ਲਿਖੇ ਪਾਤਰਾਂ 'ਚੋਂ ਕਿਸ ਇਕ ਪਾਤਰ ਦਾ ਪਾਤਰ-ਚਿਤਰਣ ਕਰੋ :
ਦੀਨ ਦਿਆਲ ਕਪੂਰ, ਸ਼ਤੀਸ਼, ਸ਼ੋਭਾ, ਲੀਲਾ



http://www.ukboardonline.com

http://www.ukboardonline.com
http://www.ukboardonline.com

http://www.ukboardonline.com

14- ਹੇਠ ਲਿਖੇ ਪੈਰ੍ਹਿਆਂ 'ਚੋਂ ਕਿਸੇ ਇਕ ਪੈਰ੍ਹੇ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ : 05

(I) ਪਿੰਡ ਵਿਚ ਸਰਕਾਰੀ ਦਫਤਰਾਂ ਬਾਰੇ ਕਿਧਰੇ ਗਲ ਚਲਦੀ ਤਾਂ ਦਸੌਧਾ ਸਿੰਘ ਆਪਣੇ ਤਜਰਬੇ ਦਸਦਿਆਂ ਦੂਜਿਆਂ ਨੂੰ ਸਮਝਾਉਂਦਾ, 'ਭਾਈ ਕਾਗਤਾਂ ਨੂੰ ਖੰਭ ਲਾਓ। ਫੇਰ ਦੇਖੋ ਕਾਗਤ ਕਿਵੇਂ ਫਰਨ-ਫਰਨ ਉੱਤੇ ਫਿਰਦੇ ਐ।'

(ੳ) ਇਹ ਸ਼ਬਦ ਕਿਸ ਕਹਾਣੀ ਵਿਚੋਂ ਲਏ ਗਏ ਹਨ?

(ਅ) ਕਹਾਣੀਕਾਰ ਦਾ ਨਾਂ ਦੱਸੋ।

(ੲ) ਇਹ ਸ਼ਬਦ ਕਿਸ ਨੇ ਕਿਸਨੂੰ ਕਹੇ।

(ਸ) ਕਾਗਜਾਂ ਨੂੰ ਖੰਭ ਲਾਉਣ ਤੋਂ ਕੀ ਭਾਵ ਹੈ?

(ਹ) ਕਾਗਜ਼ ਕਿਵੇਂ ਉੱਡਦੇ ਹਨ?

(II) 'ਬੜੀ ਸਿਆਣੀ ਐ ਮੇਰੀ ਧੀ', ਮੈਂ ਉਹਦਾ ਮੱਥਾ ਚੁੰਮ ਕੇ ਉਹਨੂੰ ਬੁੱਕਲ ਵਿਚੋਂ ਉਤਾਰਦਾ ਹਾਂ, 'ਜਾਹ ਨਾਲੇ ਤਾਂ ਇਹ ਨੋਟ ਸਾਂਭ ਦੇ, ਨਾਲੇ ਆਪਣੇ ਬਲਾਕ ਜੋੜ ਕੇ ਤਾਜ-ਮਹੱਲ ਬਣਾ ਲੈ। ਮੈਨੂੰ ਕੁਝ ਸੋਚਣਦੇ। ਫੇਰ ਮੈਂ ਕੰਮ ਕਰਨ ਲੱਗਣਾ ਹੈ।'

(ੳ) ਇਹ ਸ਼ਬਦ ਕਿਸ ਕਹਾਣੀ ਵਿਚੋਂ ਲਏ ਗਏ ਹਨ?

(ਅ) ਕਹਾਣੀਕਾਰ ਅਤੇ ਪੁਸਤਕ ਦਾ ਨਾਂ ਦੱਸੋ।

(ੲ) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ।

(ਸ) ਕਹਾਣੀਕਾਰ ਮੀਤ ਨੂੰ ਕੀ ਕਰਨ ਲਈ ਕਹਿੰਦਾ ਹੈ।

(ਹ) 'ਸਿਆਣੀ' ਕੌਣ ਹੈ?

15- 'ਖੰਭ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 05

ਜਾਂ

'ਨੰਦੂ' ਕਹਾਣੀ ਦਾ ਸਾਰੇ ਆਪਣੇ ਸ਼ਬਦਾਂ ਵਿਚ ਲਿਖੋ।

16- ਪੰਜਾਬੀ ਸਾਹਿਤ ਦੇ ਵਿਕਾਸ ਬਾਰੇ ਚਾਨਣਾ ਪਾਉ। 10

ਜਾਂ

ਪੰਜਾਬੀ ਨਾਵਲ ਦਾ ਆਰੰਭ ਤੇ ਵਿਕਾਸ ਬਾਰੇ ਸੰਖੇਪ 'ਚ ਲਿਖੋ।

...............

http://www.ukboardonline.com
Whatsapp @ 9300930012
Send your old paper & get 10/-
अपने पुराने पेपर्स भेजे और 10 रुपये पायें,
Paytm or Google Pay से



http://www.ukboardonline.com
http://www.ukboardonline.com
http://www.ukboardonline.com